**ਪ੍ਰਧਾਨ ਮੰਤਰੀ ਨੇ ਭਾਰਤ- ਜਾਪਾਨ ਆਰਥਿਕ ਫੋਰਮ ਵਿੱਚ ਹਿੱਸਾ ਲਿਆ (29 ਅਗਸਤ, 2025)**

29 ਅਗਸਤ, 2025

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਜਾਪਾਨ ਦੇ ਪ੍ਰਧਾਨ ਮੰਤਰੀ, ਮਹਾਮਹਿਮ ਸ਼੍ਰੀ ਸ਼ਿਗੇਰੂ ਇਸ਼ਿਬਾ ਨੇ 29 ਅਗਸਤ, 2025 ਨੂੰ ਟੋਕੀਓ ਵਿੱਚ ਭਾਰਤੀ ਉਦਯੋਗ ਸੰਘ ਅਤੇ ਕੀਦਾਨਰੇਨ (ਜਾਪਾਨ ਵਪਾਰ ਸੰਘ) ਦੁਆਰਾ ਆਯੋਜਿਤ ਭਾਰਤ-ਜਾਪਾਨ ਆਰਥਿਕ ਫੋਰਮ ਵਿੱਚ ਹਿੱਸਾ ਲਿਆ। ਭਾਰਤ ਅਤੇ ਜਾਪਾਨ ਦੇ ਪ੍ਰਮੁੱਖ ਪਤਵੰਤਿਆਂ ਨੇ, ਜਿਸ ਵਿੱਚ ਭਾਰਤ-ਜਾਪਾਨ ਬਿਜ਼ਨੈਸ ਲੀਡਰਜ਼ ਫੋਰਮ ਦੇ CEO ਸ਼ਾਮਲ ਹਨ, ਨੇ ਬੈਠਕ ਵਿੱਚ ਹਿੱਸਾ ਲਿਆ।

2. ਆਪਣੇ ਸੰਬੋਧਨ ਵਿੱਚ, ਪ੍ਰਧਾਨ ਮੰਤਰੀ ਨੇ ਭਾਰਤ-ਜਾਪਾਨ ਵਿਸ਼ੇਸ਼ ਰਣਨੀਤਿਕ ਅਤੇ ਗਲੋਬਲ ਸਾਂਝੇਦਾਰੀ, ਖਾਸ ਤੌਰ 'ਤੇ ਨਿਵੇਸ਼, ਨਿਰਮਾਣ ਅਤੇ ਤਕਨਾਲੋਜੀ ਦੇ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਦੀ ਸਫਲਤਾ ਨੂੰ ਉਜਾਗਰ ਕੀਤਾ। ਜਾਪਾਨੀ ਕੰਪਨੀਆਂ ਨੂੰ ਭਾਰਤ ਵਿੱਚ ਆਪਣੀ ਮੌਜੂਦਗੀ ਨੂੰ ਹੋਰ ਵੀ ਵਧੇਰੇ ਵਧਾਉਣ ਦਾ ਸੱਦਾ ਦਿੰਦੇ ਹੋਏ, ਉਨ੍ਹਾਂ ਨੇ ਕਿਹਾ ਕਿ ਭਾਰਤੀ ਵਿਕਾਸ ਦੀ ਗਾਥਾ ਉਨ੍ਹਾਂ ਦੇ ਲਈ ਸ਼ਾਨਦਾਰ ਅਵਸਰ ਪੇਸ਼ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਵਰਤਮਾਨ ਅਸ਼ਾਂਤ ਗਲੋਬਲ ਆਰਥਿਕ ਪਰੀਦ੍ਰਿਸ਼ ਦੇ ਸੰਦਰਭ ਵਿੱਚ ਭਰੋਸੇਯੋਗ ਮਿੱਤਰਾਂ ਦਰਮਿਆਨ ਗਹਿਰੀ ਹੁੰਦੀ ਆਰਥਿਕ ਸਾਂਝੇਦਾਰੀ ਵਿਸ਼ੇਸ਼ ਤੌਰ 'ਤੇ ਪ੍ਰਾਸੰਗਿਕ ਹੈ। ਪ੍ਰਧਾਨ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਰਾਜਨੀਤਿਕ ਸਥਿਰਤਾ, ਨੀਤੀ ਦੀ ਅਨੁਮਾਨ ਯੋਗਤਾ, ਸੁਧਾਰਾਂ ਪ੍ਰਤੀ ਵਚਨਬੱਧਤਾ ਅਤੇ ਕਾਰੋਬਾਰ ਕਰਨ ਵਿੱਚ ਅਸਾਨੀ ਨਾਲ ਯਤਨ ਕਰਨ ਨਾਲ ਭਾਰਤੀ ਬਾਜ਼ਾਰ ਵਿੱਚ ਨਿਵੇਸ਼ਕਾਂ ਨੂੰ ਇੱਕ ਨਵਾਂ ਭਰੋਸਾ ਮਿਲਿਆ ਹੈ, ਜੋ ਕਿ ਗਲੋਬਲ ਏਜੰਸੀਆਂ ਵੱਲੋਂ ਭਾਰਤ ਦੀ ਨਵੀਨਤਮ ਕ੍ਰੈਡਿਟ ਰੇਟਿੰਗ ਵਿੱਚ ਸੁਧਾਰ ਨਾਲ ਸਪਸ਼ਟ ਤੌਰ 'ਤੇ ਪ੍ਰਤੀਬਿੰਬਤ ਹੁੰਦਾ ਹੈ।

3. ਭਾਰਤ ਅਤੇ ਜਾਪਾਨ ਦੇ ਵਿਚਕਾਰ ਅਤਿਆਧੁਨਿਕ ਤਕਨਾਲੋਜੀਆਂ, ਨਿਰਮਾਣ, ਨਿਵੇਸ਼ ਅਤੇ ਮਨੁੱਖੀ ਸੰਸਾਧਨ ਆਦਾਨ-ਪ੍ਰਦਾਨ ਵਿੱਚ ਸਹਿਯੋਗ ਸਮਰੱਥਾ ਬਾਰੇ ਦੱਸਦੇ ਹੋਏ, ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਗਲੋਬਲ ਵਿਕਾਸ ਵਿੱਚ ਲਗਭਗ 18% ਦਾ ਯੋਗਦਾਨ ਦੇ ਰਿਹਾ ਹੈ ਅਤੇ ਕੁਝ ਵਰ੍ਹਿਆਂ ਵਿੱਚ ਦੁਨੀਆ ਦੀ ਤੀਸਰੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦੀ ਰਾਹ 'ਤੇ ਹੈ। ਦੋਵਾਂ ਅਰਥਵਿਵਸਥਾਵਾਂ ਦੀਆਂ ਪੂਰਕਤਾਵਾਂ ਨੂੰ ਦੇਖਦੇ ਹੋਏ, ਉਨ੍ਹਾਂ ਨੇ ਮੇਕ ਇਨ ਇੰਡੀਆ ਅਤੇ ਹੋਰ ਪਹਿਲਕਦਮੀਆਂ ਦੀ ਦਿਸ਼ਾ ਵਿੱਚ ਜਾਪਾਨ ਅਤੇ ਭਾਰਤ ਦਰਮਿਆਨ ਹੋਰ ਵੀ ਜ਼ਿਆਦਾ ਵਪਾਰਕ ਸਹਿਯੋਗ ਲਈ ਪੰਜ ਪ੍ਰਮੁੱਖ ਸੈਕਟਰਾਂ ਨੂੰ ਉਜਾਗਰ ਕੀਤਾ। ਇਹ ਹਨ: i] ਨਿਰਮਾਣ - ਬੈਟਰੀ, ਰੋਬੋਟਿਕਸ, ਸੈਮੀਕੰਡਕਟਰ, ਸ਼ਿਪ-ਨਿਰਮਾਣ ਅਤੇ ਪ੍ਰਮਾਣੂ ਊਰਜਾ ਦੇ ਖੇਤਰਾਂ ਵਿੱਚ; ii] AI, ਕੁਆਂਟਮ ਕੰਪਿਊਟਿੰਗ, ਪੁਲਾੜ ਅਤੇ ਬਾਇਓਟੈਕ ਸਮੇਤ ਤਕਨਾਲੋਜੀ ਅਤੇ ਨਵੀਨਤਾ ਵਿੱਚ ਸਹਿਯੋਗ; iii] ਹਰਿਤ ਊਰਜਾ ਪਰਿਵਰਤਨ; iv] ਗਤੀਸ਼ੀਲਤਾ, ਹਾਈ ਸਪੀਡ ਰੇਲ ਅਤੇ ਲੌਜਿਸਟਿਕਸ ਸਮੇਤ ਅਗਲੀ ਪੀੜ੍ਹੀ ਦਾ ਬੁਨਿਆਦੀ ਢਾਂਚਾ; ਅਤੇ iv] ਕੌਸ਼ਲ ਵਿਕਾਸ ਅਤੇ ਲੋਕਾਂ ਵਿਚਕਾਰ ਦੇ ਆਪਸੀ ਸਬੰਧ।

ਪ੍ਰਧਾਨ ਮੰਤਰੀ ਦੀ ਪੂਰੀ ਟਿੱਪਣੀ ਇੱਥੇ ਦੇਖੀ ਜਾ ਸਕਦੀ ਹੈ [Link]

4. ਪ੍ਰਧਾਨ ਮੰਤਰੀ ਸ਼੍ਰੀ ਇਸ਼ਿਬਾ ਨੇ ਆਪਣੇ ਸੰਬੋਧਨ ਵਿੱਚ, ਸਸ਼ਕਤ ਸਪਲਾਈ ਚੇਨਾਂ ਦੇ ਨਿਰਮਾਣ ਲਈ ਭਾਰਤੀ ਪ੍ਰਤਿਭਾਵਾਂ ਅਤੇ ਜਾਪਾਨੀ ਤਕਨਾਲੋਜੀ ਦਰਮਿਆਨ ਸਾਂਝੇਦਾਰੀ ਬਣਾਉਣ ਵਿੱਚ ਜਾਪਾਨੀ ਕੰਪਨੀਆਂ ਦੀ ਦਿਲਚਸਪੀ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਭਾਰਤ ਅਤੇ ਜਾਪਾਨ ਦੇ ਵਿਚਕਾਰ ਤਿੰਨ ਤਰਜੀਹਾਂ 'ਤੇ ਜ਼ੋਰ ਦਿੱਤਾ: P2P ਸਾਂਝੇਦਾਰੀਆਂ

ਨੂੰ ਮਜ਼ਬੂਤ ਕਰਨਾ, ਤਕਨਾਲੋਜੀ ਦਾ ਸੰਯੋਜਨ, ਹਰਿਤ ਪਹਿਲ ਅਤੇ ਬਜ਼ਾਰ, ਉੱਚ ਅਤੇ ਉਭਰਦੀਆਂ ਤਕਨਾਲੋਜੀਆਂ, ਵਿਸ਼ੇਸ਼ ਤੌਰ ’ਤੇ ਸੈਮੀਕੰਡਕਟਰ ਜਿਹੇ ਮਹੱਤਵਪੂਰਨ ਸੈਕਟਰਾਂ ਵਿੱਚ ਸਹਿਯੋਗ।

5. 12ਵੇਂ ਇੰਡੀਆ ਜਾਪਾਨ ਬਿਜ਼ਨੈਸ ਲੀਡਰਸ ਫੋਰਮ (IJBLF) ਦੀ ਰਿਪੋਰਟ IJBLF ਦੇ ਸਹਿ-ਪ੍ਰਧਾਨਾਂ ਵੱਲੋਂ ਦੋਵਾਂ ਲੀਡਰਾਂ ਨੂੰ ਪੇਸ਼ ਕੀਤੀ ਗਈ ਸੀ। ਭਾਰਤੀ ਅਤੇ ਜਾਪਾਨੀ ਉਦਯੋਗ ਦਰਮਿਆਨ ਵਧਦੀਆਂ ਸਾਂਝੇਦਾਰੀਆਂ ਨੂੰ ਉਜਾਗਰ ਕਰਦੇ ਹੋਏ, ਜਾਪਾਨ ਐਕਸਟਰਨਲ ਟ੍ਰੇਡ ਆਰਗੇਨਾਈਜ਼ੇਸ਼ਨ (JETRO) ਦੇ ਪ੍ਰਧਾਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਸ਼੍ਰੀ ਨੋਰੀਹਿਕੋ ਇਸ਼ੀਗੁਰੋ ਨੇ ਸਟੀਲ, AI, ਪੁਲਾੜ, ਸਿੱਖਿਆ ਅਤੇ ਕੌਸ਼ਲ, ਸਵੱਛ ਊਰਜਾ ਅਤੇ ਮਨੁੱਖੀ ਸੰਸਾਧਨ ਦਾ ਅਦਾਨ-ਪ੍ਰਦਾਨ ਵਰਗੇ ਵਿਭਿੰਨ ਖੇਤਰਾਂ ਵਿੱਚ ਭਾਰਤੀ ਅਤੇ ਜਾਪਾਨੀ ਕੰਪਨੀਆਂ ਦੇ ਵਿਚਕਾਰ ਹਸਤਾਖਰ ਕੀਤੇ ਵੱਖ-ਵੱਖ B2B ਸਹਿਮਤੀ ਪੱਤਰਾਂ ਦੀ ਘੋਸ਼ਣਾ ਕੀਤੀ।

ਟੋਕੀਓ

29 ਅਗਸਤ, 2025